**BUDHA DAL PUBLIC SCHOOL PATIALA**
**First Term Examination (16 September 2024)**
**Class - VIII**
**Paper - Punjabi**
**Set - B**

**Time: 3 hrs.** **MM: 80**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ – ਖੁੱਲ੍ਹੀ ਕਰਨ ਦਾ ਜਤਨ ਕਰੋ।**

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਦਹੇਜ ਸਮਾਜ 'ਤੇ ਇੱਕ ਲਾਹਨਤ ਹੈ, ਇੱਕ ਫਿਟਕਾਰ ਹੈ। ਹੁਣ ਤੱਕ ਲੱਖਾਂ ਹੀ ਕੀਮਤੀ ਜਾਨਾਂ ਇਸ ਦੀ ਭੇਂਟ ਚੜ੍ਹ ਚੁੱਕੀਆਂ ਹਨ। ਹਰ ਰੋਜ਼ ਅਖ਼ਬਾਰ ਵਿੱਚ ਮੋਟੀ ਸੁਰਖੀ ਵਿੱਚ ਲਿਖਿਆ ਪੜ੍ਹਨ ਨੂੰ ਮਿਲਦਾ ਹੈ ਕਿ ਕਿਸੇ ਲੜਕੀ ਨੂੰ ਦਹੇਜ ਘੱਟ ਲਿਆਉਣ ਕਾਰਨ ਦਾਜ ਦੇ ਲਾਲਚੀ ਮੁੰਡੇ ਵਾਲਿਆਂ ਨੇ ਸਾੜ ਕੇ ਮਾਰ ਦਿੱਤਾ। ਲੜਕੀ ਨੇ ਆਪਣੇ ਬਾਬਲ ਹੀ ਇੱਜ਼ਤ ਦੀ ਖ਼ਾਤਰ ਜਾਂ ਦਹੇਜ ਪੱਖੋਂ ਆਪਣੇ ਬਾਪ ਨੂੰ ਤੰਗ ਨਾ ਕਰਨ ਖ਼ਾਤਰ ਆਪਣੇ-ਆਪ ਨੂੰ ਪੱਖੇ ਨਾਲ ਲਟਕ ਕੇ ਜਾਂ ਕਿਸੇ ਨਦੀ ਵਿੱਚ ਡੁੱਬ ਕੇ ਜਾਨ ਦੇ ਦਿੱਤੀ। ਪਤਾ ਨਹੀਂ ਸਮਾਜ ਨੂੰ ਕੀ ਹੋ ਗਿਆ ਹੈ? ਕਿਉਂ ਇਨ੍ਹਾਂ ਮਾਸੂਮਾਂ ਦੇ ਪਿੱਛੇ ਹੱਥੇ ਧੋ ਕੇ ਪਿਆ ਹੋਇਆ ਹੈ। ਅਜਿਹੇ ਲੋਕ ਸਜ਼ਾਵਾਂ ਵੀ ਕੱਟਦੇ ਹਨ ਫਿਰ ਵੀ ਬਾਜ ਕਿਉਂ ਨਹੀਂ ਆਉਂਦੇ। ਜਦਕਿ ਉਨ੍ਹਾਂ ਨੂੰ ਲੜਕੀ ਨੂੰ ਘਰ ਦੀ ਲੱਛਮੀ ਸਮਝ ਕੇ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ। ਜਿਸ ਬਾਪ ਨੇ ਆਪਣੀ ਧੀ ਹੀ ਦੇ ਦਿੱਤੀ, ਉਸ ਕੋਲੋਂ ਤੁਸੀਂ ਹੋਰ ਕੀ ਚਾਹੁੰਦੇ ਹੋ? ਭਾਵੇਂ ਕੁਝ ਜਾਗ੍ਰਿਤੀ ਆਈ ਹੈ ਫਿਰ ਵੀ ਸਾਡੇ ਸਮਾਜ ਦਾ ਇੱਕ ਵੱਡਾ ਹਿੱਸਾ ਇਸ ਦੀ ਜਕੜਨ ਵਿੱਚ ਹਾਲੇ ਵੀ ਫਸਿਆ ਹੋਇਆ ਹੈ।

ੳ) ਦਹੇਜ ਸਮਾਜ ਦੇ ਮੱਥੇ 'ਤੇ ਕੀ ਹੈ?
ਅ) ਅਖ਼ਬਾਰ ਦੀ ਮੋਟੀ ਸੁਰਖੀ ਕੀ ਹੁੰਦੀ ਹੈ?
ੲ) ਲੜਕੀਆਂ ਆਪਣੇ ਆਪ ਨੂੰ ਕਿਉਂ ਖ਼ਤਮ ਕਰ ਲੈਂਦੀਆਂ ਹਨ?
ਸ) ਸਮਾਜ ਨੂੰ ਘਰ ਆਈ ਨੂੰਹ ਨੂੰ ਕੀ ਸਮਝ ਕੇ ਸਤਿਕਾਰ ਕਰਨਾ ਚਾਹੀਦਾ ਹੈ?
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ।** (5)



## ਵਿਆਕਰਨ

1) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (½×4=2)

ਖਾਲੀ, ਆਪਣਾ, ਹਨੇਰਾ, ਅਗਾੜੀ

2) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (½×4=2)

ਸ਼ੈਹਰ, ਪਰਗਟ, ਚਿੱਤ੍ਰ, ਜਜ

3) **ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** (1×2=2)

ੳ) ਹੀਰਿਆਂ ਦੀ ਪਰਖ ਕਰਨ ਵਾਲਾ

ਅ) ਜੋ ਦਿਲ ਦੀਆਂ ਜਾਣਦਾ ਹੋਵੇ

4) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)

ਕਮ, ਲਾ

5) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)

ਖਾਨਾ, ਸਾਰ

6) **ਹੇਠ ਲਿਖੇ ਅਖਾਣਾਂ ਦੇ ਅਰਥ ਲਿਖੋ:** (1×2=2)

ੳ) ਆਪ ਕੁਚੱਜੀ ਵਿਹੜੇ ਨੂੰ ਦੋਸ਼

ਅ) ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀ ਖਲੀ

7) **ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (2)

ੳ) ਮੈਂ ਤੁਹਾਡੇ ਕੋਲ ਵਾਰ ਵਾਰ ਨਹੀਂ ਆ ਸਕਦਾ।

ਅ) ਸਕੂਲ ਕੱਲ੍ਹ ਬੰਦ ਰਹਿਣਗੇ।

8) **ਹੇਠ ਲਿਖੇ ਵਾਕਾਂ ਵਿੱਚੋਂ ਯੋਜਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (2)

ੳ) ਇਹ ਜੇਲ੍ਹ ਦਾ ਉਹ ਕਮਰਾ ਹੈ ਜਿਥੇ ਭਗਤ ਸਿੰਘ ਨੂੰ ਕੈਦ ਰੱਖਿਆ ਗਿਆ ਸੀ।

ਅ) ਰਾਮ ਤੇ ਸ਼ਾਮ ਪੱਕੇ ਮਿੱਤਰ ਹਨ।

9) **ਹੇਠ ਲਿਖੇ ਵਾਕਾਂ ਵਿੱਚੋਂ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ:** (1)

ਇਸ ਕਵਿਤਾ ਦਾ ਸਿਰਲੇਖ ਹੈ ਦੇਸ਼ ਪਿਆਰ

10) **ਹੇਠ ਲਿਖੇ ਬਹੁ-ਅਰਥਕ ਸ਼ਬਦ ਦੇ ਅਰਥ ਲਿਖ ਕੇ ਦੋ ਵਾਕ ਬਣਾਉ:** (4)

ਪੱਟੀ, ਸਰ

11) **ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:** (4)

ੳ) ਆਈ ਚਲਾਈ ਕਰਨਾ

ਅ) ਉਚਾ ਨੀਵਾ ਬੋਲਣਾ

ੲ) ਇੱਕ ਮੁੱਠ ਹੋਣਾ

ਸ) ਸਾਹ ਸੁੱਕ ਜਾਣਾ

## ਪਾਠ ਪੁਸਤਕਾਂ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** **(1×6=6)**

ੳ) 'ਮੈਂ ਪੰਜਾਬੀ' ਕਵਿਤਾ ਵਿੱਚ ਕਿਹੜੇ-ਕਿਹੜੇ ਕਵੀਆਂ ਦੇ ਨਾਂ ਆਏ ਹਨ?

ਅ) ਸੇਠ ਨੇ ਜ਼ਮੀਨ ਲੈਣ ਲਈ ਪਿੰਡ ਕਿਸ ਨੂੰ ਭੇਜਿਆ?

ੲ) ਗੁਰੂ ਨਾਨਕ ਦੇਵ ਜੀ ਨੂੰ ਕੀ-ਕੀ ਕਿਹਾ ਜਾਂਦਾ ਹੈ?

ਸ) ਲੇਖਕ ਨੂੰ ਬੱਸ ਸਟੈਂਡ ਤੇ ਕੌਣ ਮਿਲਿਆ?

ਹ) ਰਾਕ ਗਾਰਡਨ ਕਿਸ ਨੇ ਬਣਾਇਆ?

ਕ) ਗੁਰੂ ਨਾਨਕ ਦੇਵ ਜੀ ਕਿਸ ਪਾਰ ਮੌਜੂਦ ਹਨ?

ਖ) ਧਨੀ ਰਾਮ ਚਾਤ੍ਰਿਕ ਨੇ 1924 ਵਿੱਚ ਕਿਸ ਦੀ ਸਥਾਪਨਾ ਕੀਤੀ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5 – 6 ਸਤਰਾਂ ਵਿੱਚ ਦਿਉ: (ਕੋਈ ਪੰਜ)** **(5×2=10)**

ੳ) ਕਿਸਾਨ ਆਪਣੀ ਜ਼ਮੀਨ ਵੇਚਣ ਲਈ ਤਿਆਰ ਕਿਉਂ ਨਹੀ ਸਨ?

ਅ) ਪੰਜਾਬੀ ਮਾਂ ਬੋਲੀ ਦਾ ਤੁਹਾਡੇ ਜੀਵਨ ਵਿੱਚ ਕੀ ਮਹੱਤਵ ਹੈ?

ੲ) ਚੰਡੀਗੜ੍ਹ ਦੀ ਵਿਉਂਤਬੰਦੀ ਵਿੱਚ ਇਸ ਦੇ ਸੈਕਟਰਾਂ ਦਾ ਕੀ ਮਹੱਤਵ ਹੈ?

ਸ) ਜਿਹੜੇ ਗੁਰੂ ਜੀ ਦੇ ਨੇਕ ਆਦਰਸ਼ਾਂ ਨੂੰ ਭੁੱਲ ਚੁੱਕੇ ਹਨ ਉਨ੍ਹਾਂ ਦੀ ਕੀ ਦਸ਼ਾ ਹੁੰਦੀ ਹੈ?

ਹ) ਫਿਰੋਜ਼ਦੀਨ ਸ਼ਰਫ ਦੇ ਪੰਜਾਬੀ ਬਾਰੇ ਕੀ ਵਿਚਾਰ ਹਨ?

ਕ) ਲੇਖਕ ਧਨੀ ਰਾਮ ਚਾਤ੍ਰਿਕ ਨੇ ਪੰਜਾਬੀ ਵਿੱਚ ਕਿਹੋ ਜਿਹੀ ਕਵਿਤਾ ਰਚੀ? ਉਨ੍ਹਾਂ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਕੀ ਸੀ?

**3) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ:** **(5×1=5)**

ਸੈਲਾਨੀ, ਰੂਹਾਨੀ, ਵਸੀਲਾ, ਉਪਕਾਰ, ਰੁਜ਼ਗਾਰ

**4) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** **(3)**

ਹੱਕ ਸੱਚ ਨੂੰ ਤੋਲਣ ਦੇ, ਹਰ ਤਰਕ ਨੂੰ ਮਾਪਣ ਦੇ
ਅਸੀ ਛਿੱਕੇ ਟੰਗ ਦਿੱਤੇ, ਔਜ਼ਾਰ ਗੁਰੂ ਨਾਨਕ
ਉਹ ਤੇਰਾਂ ਤੇਰਾਂ ਦੀ ਤੇਰੀ ਤੋਲ ਵਿਧਾ ਭੁੱਲ ਕੇ
ਅਸੀਂ ਕੂੜ ਦਾ ਸਿੱਖ ਬੈਠੇ ਵਿਉਪਾਰ ਗੁਰੂ ਨਾਨਕ

ੳ) ਉਪਰੋਕਤ ਕਾਵਿ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਕਵੀ ਦਾ ਨਾਮ ਲਿਖੋ।

ਅ) 'ਕੂੜ' ਸ਼ਬਦ ਦਾ ਕੀ ਅਰਥ ਹੈ?

ੲ) ਅਸਂ ਕਿਹੜੀ ਵਿਧਾ ਭੁੱਲ ਗਏ ਹਾਂ?

**5) ਹੇਠ ਲਿਖੇ ਕਹਾਣੀ ਦੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:** **(3)**

ਬਿਨਾਂ ਕਿਸੇ ਹੀਲ ਹੁੱਜਤ ਤੋਂ ਉਹ ਮੇਰੇ ਨਾਲ ਤੁਰ ਪਿਆ। ਉਸ ਦੇ ਰਿਕਸ਼ੇ ਵਿੱਚ ਬੈਠ ਕੇ ਬਜ਼ਾਰ ਲੰਘਦੇ ਹੋਏ ਮੈਂ ਦੇਖਿਆ ਕਿ ਪਾਣੀ ਦਾ ਵਹਾ ਤੇਜ਼ ਹੋ ਗਿਆ। ਉਸ ਉਪਰ ਬੇਤਹਾਸ਼ਾ ਮੀਂਹ ਪੈ ਰਿਹਾ ਸੀ ਪਰ ਉਹ ਸਭ ਕਾਸੇ ਤੋਂ ਬੇਪਰਵਾਹ ਰਿਕਸ਼ ਦੇ ਪੈਡਲ ਮਾਰ ਰਿਹਾ ਸੀ ਉਹ ਬੜਾ ਔਖਾ ਰਿਕਸ਼ਾ ਖਿੱਚ ਰਿਹਾ ਸੀ। ਮੇਰਾ ਜੀਅ ਕੀਤਾ ਮੈਂ ਨੀਚੇ ਉੱਤਰ ਜਾਵਾਂ।

ੳ) ਉਪਰੋਕਤ ਪੈਰ੍ਹਾ ਕਿਸ ਕਹਾਣੀ ਦਾ ਹਿੱਸਾ ਹੈ?

ਅ) ਕਿਸ ਉੱਪਰ ਬੇਤਹਾਸ਼ਾ ਮੀਂਹ ਪੈ ਰਿਹਾ ਸੀ?

ੲ) ਕਿਸ ਦਾ ਦਿਲ ਕੀਤਾ ਕਿ ਉਹ ਰਿਕਸ਼ੇ ਤੋਂ ਹੇਠਾਂ ਉੱਤਰ ਜਾਵੇ?

## ਲਿਖਣ-ਕੌਸ਼ਲ

1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (10)

**ਮੋਬਾਇਲ ਦੇ ਲਾਭ ਤੇ ਹਾਨੀਆਂ**

ਨੁਕਤੇ -

ਜਾਣ-ਪਛਾਣ, ਅਜੋਕੀ ਜ਼ਰੂਰਤ, ਵੱਖ-ਵੱਖ ਡਿਜ਼ਾਈਨ, ਮੋਬਾਇਲ ਲੋੜ ਕਿ ਵਿਖਾਵਾ, ਮੋਬਾਇਲ ਦੀਆਂ ਹਾਨੀਆਂ, ਸਾਰੰਸ਼।

**ਜਾਂ**

**ਵਿਦਿਆਰਥੀ ਤੇ ਅਨੁਸ਼ਾਸਨ**

ਨੁਕਤੇ -

ਜਾਣ-ਪਛਾਣ, ਅਨੁਸ਼ਾਸਨ ਦੀ ਲੋੜ, ਵਿੱਦਿਆ ਦਾ ਉਦੇਸ਼, ਪੁਰਾਣੇ ਗੁਰੂ ਚੇਲੇ ਦੇ ਸੰਬੰਧ, ਅਜੋਕੀ ਦੁਖਦਾਈ ਅਵਸਥਾ, ਅਨੁਸ਼ਾਸਨਹੀਣਤਾ ਦੇ ਕਾਰਨ, ਸਾਰੰਸ਼।

4) ਆਪਣੇ ਇਲਾਕੇ ਵਿੱਚ ਜ਼ਿਆਦਾ ਬਿਜਲੀ ਦੇ ਕੱਟ ਲੱਗਣ ਦੀ ਸ਼ਿਕਾਇਤ ਬਿਜਲੀ ਅਧਿਕਾਰੀ ਨੂੰ ਕਰੋ। (8)

**ਜਾਂ**

ਆਪਣੇ ਪਿਤਾ ਜੀ ਨੂੰ ਚਿੱਠੀ ਲਿਖ ਕੇ ਦੱਸੋ ਕਿ ਤੁਹਾਡੇ ਇਮਤਿਹਾਨ ਕਿਹੋ ਜਿਹੇ ਹੋਏ ਹਨ।